ਮਿੱਠੇ ਬੱਚੇ:- "ਮਿੱਠੇ ਬੱਚੇ ਸੱਚੇ ਬਾਪ ਦੇ ਨਾਲ ਅੰਦਰ ਬਾਹਰ ਸੱਚਾ ਬਣੋ, ਤਾਂ ਹੀ ਦੇਵਤਾ ਬਣ ਸਕੋਗੇ। ਤੁਸੀਂ ਬ੍ਰਾਹਮਣ ਹੀ ਫਰਿਸ਼ਤਾ ਸੋ ਦੇਵਤਾ ਬਣਦੇ ਹੋ"

ਪ੍ਰਸ਼ਨ:- ਇਸ ਗਿਆਨ ਨੂੰ ਸੁਣਨ ਅਤੇ ਧਾਰਨ ਕਰਨ ਦਾ ਅਧਿਕਾਰੀ ਕੌਣ ਹੋ ਸਕਦਾ ਹੈ?

ਉੱਤਰ:- ਜਿਸਨੇ ਆਲਰਾਊਂਡ ਪਾਰ੍ਟ ਵਜਾਇਆ ਹੈ, ਜਿਸਨੇ ਸਭ ਤੋਂ ਜ਼ਿਆਦਾ ਭਗਤੀ ਕੀਤੀ ਹੈ, ਉਹ ਹੀ ਗਿਆਨ ਨੂੰ ਧਾਰਨ ਕਰਨ ਵਿੱਚ ਬਹੁਤ ਤਿੱਖੇ ਜਾਣਗੇ। ਉੱਚ ਪਦ ਵੀ ਉਹ ਹੀ ਪਾਉਣਗੇ। ਤੁਹਾਨੂੰ ਬੱਚਿਆਂ ਨੂੰ ਕੋਈ - ਕੋਈ ਪੁੱਛਦੇ ਹਨ - ਤੁਸੀਂ ਸ਼ਾਸਤਰਾਂ ਨੂੰ ਨਹੀਂ ਮੰਨਦੇ ਹੋ? ਤਾਂ ਬੋਲੋ ਜਿੰਨੇ ਅਸੀਂ ਸ਼ਾਸਤਰ ਪੜ੍ਹੇ ਹਨ, ਭਗਤੀ ਕੀਤੀ ਹੈ, ਉਤਨੀ ਦੁਨੀਆਂ ਵਿੱਚ ਕੋਈ ਨਹੀਂ ਕਰਦਾ। ਸਾਨੂੰ ਹੁਣ ਭਗਤੀ ਦਾ ਫ਼ਲ ਮਿਲਿਆ ਹੈ, ਇਸਲਈ ਹੁਣ ਭਗਤੀ ਦੀ ਲੋੜ ਨਹੀਂ।

ਓਮ ਸ਼ਾਂਤੀ। ਬੇਹੱਦ ਦਾ ਬਾਪ ਬੇਹੱਦ ਦੇ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ, ਸਾਰੀਆਂ ਆਤਮਾਵਾਂ ਦਾ ਬਾਪ ਸਾਰੀਆਂ ਆਤਮਾਵਾਂ ਨੂੰ ਸਮਝਾਉਂਦੇ ਹਨ ਕਿਉਂਕਿ ਉਹ ਸਭ ਦਾ ਸਦਗਤੀ ਦਾਤਾ ਹੈ। ਜੋ ਵੀ ਆਤਮਾਵਾਂ ਹਨ, ਜੀਵ ਆਤਮਾਵਾਂ ਹੀ ਕਹਾਂਗੇ। ਸ਼ਰੀਰ ਨਹੀਂ ਤਾਂ ਆਤਮਾ ਵੇਖ ਨਹੀਂ ਸਕਦੀ। ਭਾਵੇਂ ਡਰਾਮੇ ਦੇ ਪਲਾਨ ਅਨੁਸਾਰ ਸ੍ਵਰਗ ਦੀ ਸਥਾਪਨਾ ਬਾਪ ਕਰ ਰਹੇ ਹਨ ਪ੍ਰੰਤੂ ਬਾਪ ਕਹਿੰਦੇ ਹਨ ਮੈਂ ਸ੍ਵਰਗ ਨੂੰ ਵੇਖਦਾ ਨਹੀਂ ਹਾਂ। ਜਿਨ੍ਹਾਂ ਦੇ ਲਈ ਹੈ ਉਹ ਹੀ ਵੇਖ ਸਕਦੇ ਹਨ। ਤੁਹਾਨੂੰ ਪੜ੍ਹਾਕੇ ਫੇਰ ਮੈਂ ਤਾਂ ਕੋਈ ਸ਼ਰੀਰ ਧਾਰਨ ਕਰਦਾ ਹੀ ਨਹੀਂ ਹਾਂ। ਤਾਂ ਬਿਨਾਂ ਸ਼ਰੀਰ ਵੇਖ ਕਿਵੇਂ ਸਕਾਂਗੇ। ਇੰਵੇਂ ਨਹੀਂ, ਇੱਥੇ - ਉੱਥੇ ਮੌਜੂਦ ਹਾਂ। ਸਭ ਕੁਝ ਵੇਖਦੇ ਹਨ। ਨਹੀਂ, ਬਾਪ ਸਿਰਫ਼ ਵੇਖਦੇ ਹਨ ਤੁਹਾਨੂੰ ਬੱਚਿਆਂ ਨੂੰ, ਜਿੰਨ੍ਹਾਂਨੂੰ ਗੁਲਗੁਲ ਫ਼ੁੱਲ ਬਣਾਕੇ ਯਾਦ ਦੀ ਯਾਤਰਾ ਸਿਖਾਉਂਦੇ ਹਨ। 'ਯੋਗ' ਅੱਖਰ ਭਗਤੀ ਦਾ ਹੈ। ਗਿਆਨ ਦੇਣ ਵਾਲਾ ਇੱਕ ਗਿਆਨ ਦਾ ਸਾਗਰ ਹੈ, ਉਨ੍ਹਾਂਨੂੰ ਹੀ ਸਤਿਗੁਰੂ ਕਿਹਾ ਜਾਂਦਾ ਹੈ। ਬਾਕੀ ਸਭ ਹਨ ਗੁਰੂ ਸੱਚ ਬੋਲਣ ਵਾਲਾ, ਸੱਚਖੰਡ ਸਥਾਪਨ ਕਰਨ ਵਾਲਾ ਉਹ ਹੀ ਹੈ। ਭਾਰਤ ਸੱਚਖੰਡ ਸੀ, ਉੱਥੇ ਸਭ ਦੇਵੀ - ਦੇਵਤਾ ਨਿਵਾਸ ਕਰਦੇ ਸਨ। ਤੁਸੀਂ ਹੁਣ ਮਨੁੱਖ ਤੋਂ ਦੇਵਤਾ ਬਣ ਰਹੇ ਹੋ। ਤਾਂ ਬੱਚਿਆਂ ਨੂੰ ਸਮਝਾਉਂਦੇ ਹਨ - ਸੱਚੇ ਬਾਪ ਦੇ ਨਾਲ ਅੰਦਰ ਬਾਹਰ ਸੱਚਾ ਬਣਨਾ ਹੈ। ਪਹਿਲਾਂ ਤੇ ਕਦਮ - ਕਦਮ ਤੇ ਝੂਠ ਹੀ ਸੀ, ਉਹ ਸਭ ਛੱਡਣਾ ਪਵੇਗਾ, ਜੇਕਰ ਸ੍ਵਰਗ ਵਿੱਚ ਉੱਚ ਪਦ ਪਾਉਣਾ ਚਾਹੁੰਦੇ ਹੋ ਤਾਂ। ਭਾਵੇਂ ਸ੍ਵਰਗ ਵਿੱਚ ਤਾਂ ਬਹੁਤ ਜਾਣਗੇ ਪਰੰਤੂ ਬਾਪ ਨੂੰ ਜਾਣਕੇ ਵੀ ਵਿਕਰਮਾਂ ਦਾ ਵਿਨਾਸ਼ ਨਹੀਂ ਕੀਤਾ ਤਾਂ ਸਜਾਵਾਂ ਖ਼ਾਕੇ ਹਿਸਾਬ - ਕਿਤਾਬ ਚੁਕਤੂ ਕਰਨਾ ਪਵੇਗਾ, ਫੇਰ ਪਦ ਵੀ ਬਹੁਤ ਘੱਟ ਮਿਲੇਗਾ। ਰਾਜਧਾਨੀ ਸਥਾਪਨ ਹੋ ਰਹੀ ਹੈ ਪੁਰਸ਼ੋਤਮ ਸੰਗਮਯੁਗ ਤੇ। ਰਾਜਧਾਨੀ ਨਾ ਤੇ ਸਤਿਯੁਗ ਵਿੱਚ ਸਥਾਪਨ ਹੋ ਸਕਦੀ ਹੈ, ਨਾ ਕਲਯੁਗ ਵਿੱਚ ਕਿਉਂਕਿ ਬਾਪ ਸਤਿਯੁਗ ਜਾਂ ਕਲਯੁਗ ਵਿੱਚ ਨਹੀਂ ਆਉਂਦੇ ਹਨ। ਇਸ ਯੁਗ ਨੂੰ ਕਿਹਾ ਜਾਂਦਾ ਹੈ ਪੁਰਸ਼ੋਤਮ ਕਲਿਆਣਕਾਰੀ ਯੁਗ। ਇਸ ਵਿੱਚ ਹੀ ਬਾਪ ਆਕੇ ਸਭ ਦਾ ਕਲਿਆਣ ਕਰਦੇ ਹਨ। ਕਲਯੁਗ ਦੇ ਬਾਦ ਸਤਿਯੁਗ ਆਉਣਾ ਹੈ ਇਸ ਲਈ ਸੰਗਮਯੁਗ ਵੀ ਜ਼ਰੂਰ ਚਾਹੀਦਾ ਹੈ। ਬਾਪ ਨੇ ਦੱਸਿਆ ਹੈ ਇਹ ਪਤਿਤ ਪੁਰਾਣੀ ਦੁਨੀਆਂ ਹੈ। ਗਾਇਨ ਵੀ ਹੈ ਦੂਰ ਦੇਸ਼ ਦਾ ਰਹਿਣ ਵਾਲਾ... ਤਾਂ ਪਰਾਏ ਦੇਸ਼ ਵਿੱਚ ਆਪਣੇ ਬੱਚੇ ਕਿਥੋਂ ਮਿਲਣਗੇ। ਪਰਾਏ ਦੇਸ਼ ਵਿੱਚ ਫੇਰ ਪਰਾਏ ਬੱਚੇ ਹੀ ਮਿਲਦੇ ਹਨ। ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾਉਂਦੇ ਹਾਂ - ਮੈਂ ਕਿਸ ਵਿੱਚ ਪ੍ਰਵੇਸ਼ ਕਰਦਾ ਹਾਂ। ਆਪਣਾ ਵੀ ਪਰਿਚੈ ਦਿੰਦੇ ਹਨ ਅਤੇ ਜਿਨ੍ਹਾਂ ਵਿੱਚ ਪ੍ਰਵੇਸ਼ ਕਰਦਾ ਹਾਂ ਉਨ੍ਹਾਂਨੂੰ ਵੀ ਸਮਝਾਉਂਦਾ ਹਾਂ ਕਿ ਇਹ ਤੁਹਾਡਾ ਅੰਤਿਮ ਜਨਮ ਦੇ ਅੰਤ ਦਾ ਜਨਮ ਹੈ। ਕਿੰਨਾ ਕਲੀਅਰ ਹੈ।

ਹਾਲੇ ਤੁਸੀਂ ਇੱਥੇ ਪੁਰਸ਼ਾਰਥੀ ਹੋ, ਸੰਪੂਰਨ ਪਵਿੱਤਰ ਨਹੀਂ। ਸੰਪੂਰਨ ਪਵਿੱਤਰ ਨੂੰ ਫਰਿਸ਼ਤਾ ਕਿਹਾ ਜਾਂਦਾ ਹੈ। ਜੋ ਪਵਿੱਤਰ ਨਹੀਂ ਉਨ੍ਹਾਂਨੂੰ ਪਤਿਤ ਹੀ ਕਹਾਂਗੇ। ਫਰਿਸ਼ਤਾ ਬਣਨ ਦੇ ਬਾਦ ਫੇਰ ਦੇਵਤਾ ਬਣਦੇ ਹੋ। ਸੂਖ਼ਮ ਵਤਨ ਵਿੱਚ ਫੇਰ ਤੁਸੀਂ ਸੰਪੂਰਨ ਫਰਿਸ਼ਤਾ ਵੇਖਦੇ ਹੋ, ਉਨ੍ਹਾਂਨੂੰ ਫਰਿਸ਼ਤਾ ਕਿਹਾ ਜਾਂਦਾ ਹੈ। ਤਾਂ ਬਾਪ ਸਮਝਾਉਂਦੇ ਹਨ - ਬੱਚੇ, ਇੱਕ ਅਲਫ਼ ਨੂੰ ਹੀ ਯਾਦ ਕਰਨਾ ਹੈ। ਅਲਫ਼ ਮਾਨਾ ਬਾਬਾ, ਉਨ੍ਹਾਂ ਨੂੰ ਅਲ੍ਹਾ ਵੀ ਕਹਿੰਦੇ ਹਨ। ਬੱਚੇ ਸਮਝ ਗਏ ਹਨ ਬਾਪ ਤੋਂ ਸ੍ਵਰਗ ਦਾ ਵਰਸਾ ਮਿਲਦਾ ਹੈ। ਸ੍ਵਰਗ ਕਿਵੇਂ ਰਚਦੇ ਹਨ? ਯਾਦ ਦੀ ਯਾਤਰਾ ਅਤੇ ਗਿਆਨ ਨਾਲ। ਭਗਤੀ ਵਿੱਚ ਗਿਆਨ ਹੁੰਦਾ ਨਹੀਂ। ਗਿਆਨ ਸਿਰਫ ਇੱਕ ਬਾਪ ਹੀ ਦਿੰਦੇ ਹਨ ਬ੍ਰਾਹਮਣਾ ਨੂੰ। ਬ੍ਰਾਹਮਣ ਚੋਟੀ ਹਨ ਨਾ। ਹਾਲੇ ਤੁਸੀਂ ਬ੍ਰਾਹਮਣ ਹੋ ਫੇਰ ਬਾਜੋਲੀ ਖੇਲਣਗੇ। ਬ੍ਰਾਹਮਣ ਦੇਵਤਾ ਸ਼ਤਰੀ... ਇਸਨੂੰ ਕਿਹਾ ਜਾਂਦਾ ਹੈ ਵਿਰਾਟ ਰੂਪ। ਵਿਰਾਟ ਰੂਪ ਕੋਈ ਬ੍ਰਹਮਾ, ਵਿਸ਼ਨੂੰ, ਸ਼ੰਕਰ ਦਾ ਨਹੀਂ ਕਹਾਂਗੇ। ਉਸ ਵਿੱਚ ਚੋਟੀ ਬ੍ਰਾਹਮਣ ਤਾਂ ਹੈ ਨਹੀਂ। ਬਾਪ ਬ੍ਰਹਮਾ ਤਨ ਵਿੱਚ ਆਉਂਦੇ ਹਨ - ਇਹ ਕੋਈ ਜਾਣਦਾ ਨਹੀਂ। ਬ੍ਰਾਹਮਣ ਕੁਲ ਹੀ ਸਰਵੋਤਮ ਕੁਲ ਹੈ, ਜਦੋਂਕਿ ਬਾਪ ਆਕੇ ਪੜ੍ਹਾਉਂਦੇ ਹਨ। ਬਾਪ ਸ਼ੂਦਰਾਂ ਨੂੰ ਤਾਂ ਨਹੀਂ ਪੜ੍ਹਾਉਣਗੇ ਨਾ। ਬ੍ਰਾਹਮਣਾ ਨੂੰ ਹੀ ਪੜ੍ਹਾਉਂਦੇ ਹਨ। ਪੜ੍ਹਾਉਣ ਵਿੱਚ ਵੀ ਸਮਾਂ ਲਗਦਾ ਹੈ। ਰਾਜਧਾਨੀ ਸਥਾਪਨ ਹੋਣੀ ਹੈ। ਤੁਸੀਂ ਉੱਚ ਤੋਂ ਉੱਚ ਪੁਰਸ਼ੋਤਮ ਬਣੋ। ਨਵੀਂ ਦੁਨੀਆਂ ਕੌਣ ਰਚੇਗਾ? ਬਾਪ ਹੀ ਰਚੇਗਾ। ਇਹ ਭੁੱਲੋ ਨਾ। ਮਾਇਆ ਤੁਹਾਨੂੰ ਭੁਲਾਉਂਦੀ ਹੈ, ਉਸਦਾ ਤੇ ਧੰਦਾ ਹੀ ਇਹ ਹੈ। ਗਿਆਨ ਵਿੱਚ ਇਤਨਾ ਇੰਟਰਫੇਅਰ ਨਹੀਂ ਕਰਦੀ ਹੈ, ਯਾਦ ਵਿੱਚ ਹੀ ਕਰਦੀ ਹੈ। ਆਤਮਾ ਵਿੱਚ ਬਹੁਤ ਕਿਚੜ੍ਹਾ ਭਰਿਆ ਹੋਇਆ ਹੈ, ਉਹ ਬਾਪ ਦੀ ਯਾਦ ਬਿਨਾਂ ਸਾਫ਼ ਹੋ ਨਾ ਸਕੇ। ਯੋਗ ਅੱਖਰ ਨਾਲ ਬੱਚੇ ਬਹੁਤ ਮੁੰਝਦੇ ਹਨ। ਕਹਿੰਦੇ ਹਨ ਬਾਬਾ ਸਾਡਾ ਯੋਗ ਨਹੀਂ ਲਗਦਾ। ਅਸਲ ਵਿੱਚ ਯੋਗ ਅੱਖਰ ਉਨ੍ਹਾਂ ਹਠ ਯੋਗੀਆਂ ਦਾ ਹੈ। ਸੰਨਿਆਸੀ ਕਹਿੰਦੇ ਹਨ ਬ੍ਰਹਮ ਨਾਲ ਯੋਗ ਲਗਾਉਣਾ ਹੈ। ਹੁਣ ਬ੍ਰਹਮ ਤੱਤਵ ਤਾਂ ਬੜਾ ਵੱਡਾ ਲੰਬਾ - ਚੌੜਾ ਹੈ, ਜਿਵੇਂ ਆਸਮਾਨ ਵਿੱਚ ਸਟਾਰ ਵੇਖਣ ਵਿੱਚ

ਆਉਂਦੇ ਹਨ, ਇੰਵੇਂ ਉੱਥੇ ਵੀ ਛੋਟੇ - ਛੋਟੇ ਸਟਾਰ ਮਿਸਲ ਆਤਮਾਵਾਂ ਹਨ। ਉਹ ਹੈ ਆਸਮਾਨ ਤੋਂ ਪਾਰ, ਜਿੱਥੇ ਸੂਰਜ ਚੰਦਾ ਦੀ ਰੋਸ਼ਨੀ ਨਹੀਂ। ਤਾਂ ਵੇਖੋ ਕਿੰਨੇ ਛੋਟੇ - ਛੋਟੇ ਰਾਕੇਟ ਤੁਸੀਂ ਹੋ। ਫੇਰ ਬਾਬਾ ਕਹਿੰਦੇ ਹਨ - ਪਹਿਲੇ - ਪਹਿਲੇ ਆਤਮਾ ਦਾ ਗਿਆਨ ਦੇਣਾ ਚਾਹੀਦਾ ਹੈ। ਉਹ ਤਾਂ ਇੱਕ ਭਗਵਾਨ ਹੀ ਦੇ ਸਕਦੇ ਹਨ। ਇੰਵੇਂ ਨਹੀਂ, ਸਿਰਫ਼ ਭਗਵਾਨ ਨੂੰ ਨਹੀਂ ਜਾਣਦੇ। ਪਰੰਤੂ ਆਤਮਾ ਨੂੰ ਵੀ ਨਹੀਂ ਜਾਣਦੇ। ਇਤਨੀ ਛੋਟੀ ਜਿਹੀ ਆਤਮਾ ਵਿੱਚ 84 ਦੇ ਚੱਕਰ ਦਾ ਅਵਿਨਾਸ਼ੀ ਪਾਰ੍ਹ ਭਰਿਆ ਹੋਇਆ ਹੈ, ਇਸਨੂੰ ਹੀ ਕੁਦਰਤ ਕਿਹਾ ਜਾਂਦਾ ਹੈ, ਹੋਰ ਕੁਝ ਨਹੀਂ ਕਹਿ ਸਕਦੇ। ਆਤਮਾ 84 ਦਾ ਚੱਕਰ ਲਗਾਉਂਦੀ ਹੀ ਰਹਿੰਦੀ ਹੈ। ਹਰ 5 ਹਜ਼ਾਰ ਸਾਲ ਬਾਦ ਇਹ ਚੱਕਰ ਫਿਰਦਾ ਹੀ ਰਹਿੰਦਾ ਹੈ। ਇਹ ਡਰਾਮੇ ਵਿੱਚ ਨੂੰਧ ਹੈ। ਦੁਨੀਆਂ ਅਵਿਨਾਸ਼ੀ ਹੈ, ਕਦੇ ਵਿਨਾਸ਼ ਨੂੰ ਨਹੀਂ ਪਾਉਂਦੀ। ਉਹ ਲੋਕ ਵਿਖਾਉਂਦੇ ਹਨ ਕਿ ਬੜੀ ਪ੍ਰਲਯ ਹੁੰਦੀ ਹੈ ਫੇਰ ਕ੍ਰਿਸ਼ਨ ਅੰਗੂਠਾ ਚੂਸਦਾ ਹੋਇਆ ਪਿੱਪਲ ਦੇ ਪੱਤੇ ਤੇ ਆਉਂਦਾ ਹੈ। ਪਰੰਤੂ ਇੰਵੇਂ ਕੋਈ ਹੁੰਦਾ ਥੋੜ੍ਹੀ ਨਾ ਹੈ। ਇਹ ਤਾਂ ਬੇਕਾਇਦੇ ਹਨ। ਮਹਾਪ੍ਰਲਯ ਕਦੇ ਹੁੰਦੀ ਨਹੀਂ। ਇੱਕ ਧਰਮ ਦੀ ਸਥਾਪਨਾ ਅਤੇ ਅਨੇਕ ਧਰਮਾਂ ਦਾ ਵਿਨਾਸ਼ ਚਲਦਾ ਹੀ ਰਹਿੰਦਾ ਹੈ। ਇਸ ਵਕ਼ਤ ਮੁੱਖ ਤਿੰਨ ਧਰਮ ਹਨ। ਇਹ ਤਾਂ ਅਸਪੀਸਿਅਸ ( ਸ਼ੁਭ ) ਸੰਗਮਯੁੱਗ ਹੈ। ਪੁਰਾਣੀ ਦੁਨੀਆਂ ਅਤੇ ਨਵੀਂ ਦੁਨੀਆਂ ਵਿੱਚ ਰਾਤ - ਦਿਨ ਦਾ ਫ਼ਰਕ ਹੈ। ਕਲ ਨਵੀਂ ਦੁਨੀਆਂ ਸੀ ਅੱਜ ਪੁਰਾਣੀ ਹੈ। ਕਲ ਦੀ ਦੁਨੀਆਂ ਵਿੱਚ ਕੀ ਸੀ - ਇਹ ਤੁਸੀਂ ਸਮਝ ਸਕਦੇ ਹੋ। ਜੋ ਜਿਸ ਧਰਮ ਦਾ ਹੈ, ਉਸ ਧਰਮ ਦੀ ਹੀ ਸਥਾਪਨਾ ਕਰਦੇ ਹਨ। ਉਹ ਤਾਂ ਸਿਰ੍ਫ ਇੱਕ ਆਉਂਦੇ ਹਨ, ਬਹੁਤ ਨਹੀਂ ਹੁੰਦੇ। ਫੇਰ ਹੋਲੀ - ਹੋਲੀ ਵਾਧਾ ਹੁੰਦਾ ਜਾਂਦਾ ਹੈ।

ਬਾਪ ਕਹਿੰਦੇ ਹਨ ਤੁਹਾਨੂੰ ਬੱਚਿਆਂ ਨੂੰ ਕੋਈ ਤਕਲੀਫ਼ ਨਹੀਂ ਦਿੰਦਾ ਹਾਂ। ਬੱਚਿਆਂ ਨੂੰ ਤਕਲੀਫ਼ ਕਿਵੇਂ ਦੇਣਗੇ! ਮੋਸ੍ਟ ਬਿਲਵਰਡ ਬਾਪ ਹਨ ਨਾ। ਕਹਿੰਦੇ ਹਨ- ਮੈਂ ਤੁਹਾਡਾ ਸਦਗਤੀ ਦਾਤਾ, ਦੁੱਖਹਰਤਾ ਸੁੱਖਕਰਤਾ ਹਾਂ। ਯਾਦ ਵੀ ਮੈਨੂੰ ਇੱਕ ਨੂੰ ਕਰਦੇ ਹਨ। ਭਗਤੀ ਮਾਰਗ ਵਿੱਚ ਕੀ ਕਰ ਦਿੱਤਾ ਹੈ, ਕਿੰਨੀਆਂ ਗਾਲਾਂ ਮੈਨੂੰ ਦਿੰਦੇ ਹਨ! ਕਹਿੰਦੇ ਹਨ ਗੋਡ ਇਜ਼ ਵਨ। ਸ੍ਰਿਸ਼ਟੀ ਦਾ ਚੱਕਰ ਵੀ ਇੱਕ ਹੀ ਹੈ, ਇੰਵੇਂ ਨਹੀਂ, ਆਕਾਸ਼ ਵਿੱਚ ਕੋਈ ਦੁਨੀਆਂ ਹੈ। ਆਕਾਸ਼ ਵਿੱਚ ਸਿਤਾਰੇ ਹਨ। ਮਨੁੱਖ ਤਾਂ ਸਮਝਦੇ ਹਨ ਇੱਕ - ਇੱਕ ਸਟਾਰ ਵਿੱਚ ਸ੍ਰਿਸ਼ਟੀ ਹੈ। ਹੇਠਾਂ ਵੀ ਦੁਨੀਆਂ ਹੈ। ਇਹ ਸਭ ਭਗਤੀ ਮਾਰਗ ਦੀਆਂ ਗੱਲਾਂ ਹਨ। ਉੱਚ ਤੇ ਉੱਚ ਭਗਵਾਨ ਇੱਕ ਹੈ। ਕਹਿੰਦੇ ਵੀ ਹਨ ਸ੍ਰਿਸ਼ਟੀ ਦੀਆਂ ਆਤਮਾਵਾਂ ਤੁਹਾਡੇ ਵਿੱਚ ਪਿਰੋਈਆਂ ਹੋਈਆਂ ਹਨ, ਇਹ ਜਿਵੇਂ ਮਾਲਾ ਹੈ। ਇਨ੍ਹਾਂਨੂੰ ਬੇਹੱਦ ਦੀ ਰੂਦਰ ਮਾਲਾ ਵੀ ਕਹਿ ਸਕਦੇ ਹਾਂ। ਸੂਤਰ ਵਿੱਚ ਬੰਨ੍ਹੀ ਹੋਈ ਹੈ। ਗਾਉਂਦੇ ਹਨ ਪਰ ਸਮਝਦੇ ਕੁਝ ਨਹੀਂ। ਬਾਪ ਆਕੇ ਸਮਝਾਉਂਦੇ ਹਨ - ਬੱਚੇ ਮੈਂ ਤੁਹਾਨੂੰ ਜਰਾ ਤਕਲੀਫ਼ ਨਹੀਂ ਦਿੰਦਾ ਹਾਂ। ਇਹ ਵੀ ਦੱਸਿਆ ਹੈ ਜਿੰਨ੍ਹਾਂਨੇ ਪਹਿਲੇ - ਪਹਿਲੇ ਭਗਤੀ ਕੀਤੀ ਹੈ, ਉਹ ਹੀ ਗਿਆਨ ਵਿੱਚ ਤਿੱਖੇ ਜਾਣਗੇ। ਭਗਤੀ ਜ਼ਿਆਦਾ ਕੀਤੀ ਹੈ ਤਾਂ ਫ਼ਲ ਵੀ ਉਹਨਾਂ ਨੂੰ ਜ਼ਿਆਦਾ ਮਿਲਣਾ ਚਾਹੀਦਾ ਹੈ। ਕਹਿੰਦੇ ਹਨ ਭਗਤੀ ਦਾ ਫ਼ਲ ਭਗਵਾਨ ਦਿੰਦੇ ਹਨ, ਉਹ ਹੈ ਗਿਆਨ ਦਾ ਸਾਗਰ। ਤਾਂ ਜ਼ਰੂਰ ਗਿਆਨ ਨਾਲ ਹੀ ਫ਼ਲ ਦੇਣਗੇ। ਭਗਤੀ ਦੇ ਫ਼ਲ ਦਾ ਕਿਸੇ ਨੂੰ ਵੀ ਪਤਾ ਨਹੀਂ ਹੈ। ਭਗਤੀ ਦਾ ਫ਼ਲ ਹੈ ਗਿਆਨ, ਜਿਸ ਨਾਲ ਸ੍ਵਰਗ ਦੇ ਵਰਸੇ ਦਾ ਸੁੱਖ ਮਿਲਦਾ ਹੈ। ਤਾਂ ਫਲ ਦਿੰਦੇ ਹਨ ਮਤਲਬ ਨਰਕਵਾਸੀ ਤੋਂ ਸਵਰਗਵਾਸੀ ਬਣਾਉਂਦੇ ਹਨ ਇੱਕ ਬਾਪ। ਰਾਵਣ ਦਾ ਵੀ ਕਿਸੇ ਨੂੰ ਪਤਾ ਨਹੀਂ। ਕਹਿੰਦੇ ਵੀ ਹਨ ਇਹ ਪੁਰਾਣੀ ਦੁਨੀਆਂ ਹੈ। ਕਦੋਂ ਤੋਂ ਪੁਰਾਣੀ ਹੈ - ਉਹ ਹਿਸਾਬ ਨਹੀਂ ਲੱਗਾ ਸਕਦੇ ਹਨ। ਬਾਪ ਹੈ ਮਨੁੱਖ ਸ੍ਰਿਸ਼ਟੀ ਰੂਪੀ ਝਾੜ ਦਾ ਬੀਜਰੂਪ। ਸੱਚ ਹੈ। ਉਹ ਕਦੇ ਵਿਨਾਸ਼ ਨਹੀਂ ਹੁੰਦਾ, ਉਸਨੂੰ ਉਲਟਾ ਝਾੜ ਕਹਿੰਦੇ ਹਨ। ਬਾਪ ਉਪਰ ਵਿੱਚ ਹੈ, ਆਤਮਾਏ ਬਾਪ ਨੂੰ ਉਪਰ ਵੇਖ ਬੁਲਾਉਂਦੀਆਂ ਹਨ, ਸ਼ਰੀਰ ਤਾਂ ਬੁਲਾ ਨਹੀਂ ਸਕਦਾ। ਆਤਮਾ ਤਾਂ ਇੱਕ ਸ਼ਰੀਰ ਵਿਚੋਂ ਨਿਕਲ ਦੂਸਰੇ ਸ਼ਰੀਰ ਵਿੱਚ ਚਲੀ ਜਾਂਦੀ ਹੈ। ਆਤਮਾ ਨਾ ਘੱਟਦੀ ਹੈ, ਨਾ ਵਧਦੀ, ਨਾ ਕਦੇ ਮੌਤ ਹੁੰਦੀ ਹੈ। ਇਹ ਖੇਲ੍ਹ ਬਣਿਆ ਹੋਇਆ ਹੈ। ਸਾਰੇ ਖੇਲ੍ਹ ਦੇ ਆਦਿ - ਮੱਧ - ਅੰਤ ਦਾ ਰਾਜ ਬਾਪ ਨੇ ਦੱਸਿਆ ਹੈ। ਆਸਤਿਕ ਵੀ ਬਣਾਇਆ ਹੈ। ਇਹ ਵੀ ਦੱਸਿਆ ਹੈ ਕਿ ਲਕਸ਼ਮੀ - ਨਾਰਾਇਣ ਨੂੰ ਇਹ ਗਿਆਨ ਨਹੀਂ ਹੈ। ਉੱਥੇ ਤਾਂ ਆਸਤਿਕ - ਨਾਸਤਿਕ ਦਾ ਪਤਾ ਹੀ ਨਹੀਂ ਰਹਿੰਦਾ ਹੈ। ਇਸ ਵਕ਼ਤ ਬਾਪ ਹੀ ਅਰਥ ਸਮਝਾਉਂਦੇ ਹਨ। ਨਾਸਤਿਕ ਉਨ੍ਹਾਂਨੂੰ ਕਿਹਾ ਜਾਂਦਾ ਹੈ ਜੋ ਨਾ ਬਾਪ ਨੂੰ, ਨਾ ਰਚਨਾ ਆਦਿ - ਮੱਧ- ਅੰਤ ਨੂੰ, ਨਾ ਡਿਉਰੇਸ਼ਨ ਨੂੰ ਜਾਣਦੇ ਹਨ। ਇਸ ਵਕ਼ਤ ਤੁਸੀਂ ਆਸਤਿਕ ਬਣੇ ਹੋ। ਉੱਥੇ ਇਹ ਗੱਲਾਂ ਹੀ ਨਹੀਂ। ਖੇਲ੍ਹ ਹੈ ਨਾ। ਜੋ ਗੱਲ ਇੱਕ ਸੈਕਿੰਡ ਵਿੱਚ ਹੁੰਦੀ ਹੈ ਉਹ ਫੇਰ ਦੂਸਰੇ ਸੈਕਿੰਡ ਵਿੱਚ ਨਹੀਂ ਹੁੰਦੀ। ਡਰਾਮੇ ਵਿੱਚ ਟਿਕ - ਟਿਕ ਹੁੰਦੀ ਰਹਿੰਦੀ ਹੈ। ਜੋ ਪਾਸਟ ਹੋਇਆ ਚੱਕਰ ਫ਼ਿਰਦਾ ਜਾਵੇਗਾ। ਜਿਵੇਂ ਬਾਈਸਕੋਪ ਹੁੰਦਾ ਹੈ, ਦੋ ਘੰਟੇ ਜਾਂ ਤਿੰਨ ਘੰਟੇ ਬਾਦ ਫੇਰ ਉਹ ਹੀ ਬਾਈਸਕੋਪ ਰਪੀਟ ਹੋਵੇਗਾ। ਮਕਾਨ ਆਦਿ ਤੋੜ ਦਿੰਦੇ ਹਨ ਫੇਰ ਵੇਖਣਗੇ ਬਣਿਆ ਹੋਇਆ ਹੈ। ਉਹ ਹੀ ਹੂਬਹੂ ਰਪੀਟ ਹੁੰਦਾ ਹੈ। ਇਸ ਵਿੱਚ ਮੁੰਝਣ ਵਾਲੀ ਗੱਲ ਹੀ ਨਹੀਂ। ਮੁੱਖ ਗੱਲ ਹੈ ਆਤਮਾਵਾਂ ਦਾ ਬਾਪ ਪਰਮਾਤਮਾ ਹੈ। ਆਤਮਾਏਂ ਪਰਮਾਤਮਾ ਅਲਗ ਰਹੇ ਬਹੁਕਲ… ਅਲਗ ਹੁੰਦੀ ਹੈ, ਇੱਥੇ ਆਉਂਦੀਆਂ ਹਨ ਪਾਰਟ ਵਜਾਉਣ। ਤੁਸੀਂ ਪੂਰੇ 5 ਹਜ਼ਾਰ ਸਾਲ ਵੱਖ ਰਹੇ ਹੋ। ਤੁਹਾਨੂੰ ਮਿੱਠੇ ਬੱਚਿਆਂ ਨੂੰ ਆਲਰਾਊਂਡ ਪਾਰ੍ਹ ਮਿਲਿਆ ਹੈ ਇਸ ਲਈ ਤੁਹਾਨੂੰ ਹੀ ਸਮਝਾਉਂਦੇ ਹਨ। ਗਿਆਨ ਦੇ ਵੀ ਤੁਸੀਂ ਅਧਿਕਾਰੀ ਹੋ। ਸਭਤੋਂ ਜ਼ਾਸਤੀ ਭਗਤੀ ਜਿਸਨੇ ਕੀਤੀ ਹੈ, ਗਿਆਨ ਵਿੱਚ ਵੀ ਉਹ ਹੀ ਤਿੱਖੇ ਜਾਣਗੇ, ਪਦ ਵੀ ਉੱਚ ਪਾਉਣਗੇ। ਪਹਿਲੇ - ਪਹਿਲੇ ਸ਼ਿਵਬਾਬਾ ਦੀ ਭਗਤੀ ਹੁੰਦੀ ਹੈ ਫੇਰ ਦੇਵਤਾਵਾਂ ਦੀ। ਫੇਰ 5 ਤਤਵਾਂ ਦੀ ਵੀ ਭਗਤੀ ਕਰਦੇ, ਵਿਅਭਚਾਰੀ ਬਣ ਜਾਂਦੇ ਹਨ। ਹੁਣ ਬੇਹੱਦ ਦਾ ਬਾਪ ਤੁਹਾਨੂੰ ਬੇਹੱਦ ਵਿੱਚ ਲੈ ਜਾਂਦੇ ਹਨ, ਉਹ ਫੇਰ ਬੇਹੱਦ ਦੀ ਭਗਤੀ ਦੇ ਅਗਿਆਨ ਵਿੱਚ ਲੈ ਜਾਂਦੇ ਹਨ। ਹੁਣ ਬਾਪ ਤੁਹਾਨੂੰ ਬੱਚਿਆਂ ਨੂੰ ਸਮਝਾਉਂਦੇ ਹਨ - ਆਪਣੇ ਨੂੰ ਆਤਮਾ ਸਮਝ ਮੈਨੂੰ ਇੱਕ ਬਾਪ ਨੂੰ ਯਾਦ ਕਰੋ। ਫੇਰ ਵੀ ਇਥੋਂ ਬਾਹਰ ਜਾਣ ਨਾਲ ਮਾਇਆ ਭੁੱਲਾ ਦਿੰਦੀ ਹੈ। ਜਿਵੇਂ ਗਰਭ ਵਿੱਚ ਪਸ਼ਚਾਤਾਪ ਕਰਦੇ ਹਨ - ਅਸੀਂ ਇੰਵੇਂ ਨਹੀਂ ਕਰਾਂਗੇ, ਬਾਹਰ ਆਉਣ ਤੇ ਭੁੱਲ ਜਾਂਦੇ ਹਨ। ਇੱਥੇ ਵੀ ਇੰਵੇਂ ਹੀ ਹੈ, ਬਾਹਰ ਜਾਣ ਨਾਲ ਜੀ ਭੁੱਲ ਜਾਂਦੇ ਹਨ। ਇਹ ਭੁੱਲ ਅਤੇ ਅਭੁੱਲ ਦਾ ਖੇਲ੍ਹ ਹੈ। ਹੁਣ ਤੁਸੀਂ ਬਾਪ ਦੇ ਅਡੋਪਟਿਡ ਬੱਚੇ ਬਣੇ ਹੋ। ਸ਼ਿਵਬਾਬਾ ਹੈ ਨਾ। ਉਹ ਹੈ ਸਭ ਆਤਮਾਵਾਂ ਦਾ ਬੇਹੱਦ ਦਾ ਬਾਪ। ਬਾਪ ਕਿੰਨਾ ਦੂਰੋਂ ਆਉਂਦੇ ਹਨ। ਉਨ੍ਹਾਂ ਦਾ ਘਰ ਹੈ ਪਰਮਧਾਮ। ਪਰਮਧਾਮ ਤੋਂ ਆਵਾਂਗੇ ਤਾਂ ਜ਼ਰੂਰ ਬੱਚਿਆਂ ਲਈ

ਸੌਗਾਤ ਲੈ ਆਉਣਗੇ। ਹਥੇਲੀ ਤੇ ਬਹਿਸ਼ਤ ਸੌਗਾਤ ਵਿੱਚ ਲੈ ਆਉਂਦੇ ਹਨ। ਬਾਪ ਕਹਿੰਦੇ ਹਨ ਸੈਕਿੰਡ ਵਿੱਚ ਸ੍ਵਰਗ ਦੀ ਬਾਦਸ਼ਾਹੀ ਲੋ। ਸਿਰਫ਼ ਬਾਪ ਨੂੰ ਜਾਣੋ। ਸਾਰੀਆਂ ਆਤਮਾਵਾਂ ਦਾ ਬਾਪ ਤੇ ਹੈ ਨਾ। ਕਹਿੰਦੇ ਹਨ ਮੈਂ ਤੁਹਾਡਾ ਬਾਪ ਹਾਂ। ਮੈਂ ਕਿਵੇਂ ਆਉਂਦਾ ਹਾਂ - ਉਹ ਵੀ ਤੁਹਾਨੂੰ ਸਮਝਾਉਂਦਾ ਹਾਂ। ਮੈਨੂੰ ਰੱਥ ਤਾਂ ਜ਼ਰੂਰ ਚਾਹੀਦਾ ਹੈ। ਕਿਹੜਾ ਰੱਥ? ਕਿਸੇ ਮਹਾਤਮਾ ਦਾ ਤੇ ਨਹੀਂ ਲੈ ਸਕਦੇ। ਮਨੁੱਖ ਕਹਿੰਦੇ ਹਨ ਤੁਸੀਂ ਬ੍ਰਹਮਾ ਨੂੰ ਭਗਵਾਨ, ਬ੍ਰਹਮਾ ਨੂੰ ਦੇਵਤਾ ਕਹਿੰਦੇ ਹੋ। ਅਰੇ! ਅਸੀਂ ਕਿੱਥੇ ਕਹਿੰਦੇ ਹਾਂ! ਝਾੜ ਦੇ ਉੱਪਰ ਇੱਕਦਮ ਅੰਤ ਵਿੱਚ ਖੜ੍ਹੇ ਹਨ, ਜਦੋਂਕਿ ਝਾੜ ਸਾਰਾ ਤਮੋਪ੍ਰਧਾਨ ਹੈ। ਬ੍ਰਹਮਾ ਵੀ ਉੱਥੇ ਖੜ੍ਹਾ ਹੈ ਤਾਂ ਬਹੁਤ ਜਨਮਾਂ ਦੇ ਅੰਤ ਦਾ ਜਨਮ ਹੋਇਆ ਨਾ। ਬਾਬਾ ਖ਼ੁੱਦ ਕਹਿੰਦੇ ਹਨ ਮੇਰੇ ਬਹੁਤ ਜਨਮਾਂ ਦੇ ਅੰਤ ਦੇ ਜਨਮ ਵਿੱਚ ਜਦੋਂ ਵਾਣਪ੍ਰਸਥ ਅਵਸਥਾ ਹੁੰਦੀ ਹੈ ਉਦੋਂ ਬਾਪ ਆਏ ਹਨ। ਜੋ ਆਕੇ ਧੰਧਾ ਆਦਿ ਛੁਡਾਇਆ। 60 ਸਾਲ ਦੇ ਬਾਦ ਮਨੁੱਖ ਭਗਤੀ ਕਰਦੇ ਭਗਵਾਨ ਨੂੰ ਮਿਲਣ ਦੇ ਲਈ।

ਬਾਪ ਕਹਿੰਦੇ ਹਨ ਤੁਸੀਂ ਸਾਰੇ ਮਨੁੱਖ ਮਤ ਤੇ ਸੀ, ਹੁਣ ਬਾਬਾ ਤੁਹਾਨੂੰ ਸ਼੍ਰੀਮਤ ਦੇ ਰਹੇ ਹਨ। ਸ਼ਾਸਤਰ ਲਿਖਣ ਵਾਲੇ ਵੀ ਮਨੁੱਖ ਹਨ। ਦੇਵਤੇ ਤਾਂ ਲਿਖਦੇ ਨਹੀਂ, ਨਾ ਪੜ੍ਹਦੇ ਹਨ। ਸਤਿਯੁਗ ਵਿੱਚ ਸ਼ਾਸਤਰ ਹੁੰਦੇ ਨਹੀਂ। । ਭਗਤੀ ਹੀ ਨਹੀਂ। ਸ਼ਾਸਤਰਾਂ ਵਿੱਚ ਸਾਰਾ ਕਰਮਕਾਂਡ ਲਿਖਿਆ ਹੋਇਆ ਹੈ। ਇੱਥੇ ਇਹ ਗੱਲ ਹੈ ਨਹੀ। ਤੁਸੀਂ ਵੇਖਦੇ ਹੋ ਬਾਬਾ ਗਿਆਨ ਦਿੰਦੇ ਹਨ। ਭਗਤੀ ਮਾਰਗ ਵਿੱਚ ਤਾਂ ਅਸੀਂ ਸ਼ਾਸਤਰ ਬਹੁਤ ਪੜ੍ਹੇ ਹਨ। ਕੋਈ ਪੁੱਛੇ ਤੁਸੀਂ ਵੇਦ ਸ਼ਾਸਤਰਾਂ ਆਦਿ ਨੂੰ ਨਹੀਂ ਮੰਨਦੇ ਹੋ? ਬੋਲੋ, ਜੋ ਵੀ ਮਨੁੱਖ ਮਾਤਰ ਹਨ ਉਨ੍ਹਾਂ ਤੋਂ ਜ਼ਿਆਦਾ ਅਸੀਂ ਮੰਨਦੇ ਹਾਂ। ਸ਼ੁਰੂ ਤੋਂ ਲੈਕੇ ਅਵਿਭਚਾਰੀ ਭਗਤੀ ਅਸੀਂ ਸ਼ੁਰੂ ਕੀਤੀ ਹੈ। ਹੁਣ ਸਾਨੂੰ ਗਿਆਨ ਮਿਲਿਆ ਹੈ। ਗਿਆਨ ਨਾਲ ਸਦਗਤੀ ਹੁੰਦੀ ਹੈ ਫ਼ਿਰ ਅਸੀਂ ਭਗਤੀ ਨੂੰ ਕੀ ਕਰਾਂਗੇ। ਬਾਪ ਕਹਿੰਦੇ ਹਨ- ਬੱਚੇ, ਹੀਅਰ ਨੋ ਇਵਲ, ਸੀ ਨੋ ਇਵਲ... ਤਾਂ ਬਾਪ ਕਿੰਨਾ ਸਿੰਪਲ ਢੰਗ ਨਾਲ ਸਮਝਾਉਂਦੇ ਹਨ - ਮਿੱਠੇ - ਮਿੱਠੇ ਬੱਚੇ, ਆਪਣੇ ਨੂੰ ਆਤਮਾ ਨਿਸ਼ਚੇ ਕਰੋ। ਮੈਂ ਆਤਮਾ ਹਾਂ, ਉਹ ਕਹਿ ਦਿੰਦੇ ਅਲ੍ਹਾ ਹਾਂ। ਤੁਹਾਨੂੰ ਸਿੱਖਿਆ ਮਿਲਦੀ ਹੈ ਮੈਂ ਆਤਮਾ ਹਾਂ, ਬਾਪ ਦਾ ਬੱਚਾ ਹਾਂ। ਇਹ ਹੀ ਮਾਇਆ ਘੜੀ - ਘੜੀ ਭੁਲਾਉਂਦੀ ਹੈ। ਦੇਹ - ਅਭਿਮਾਨੀ ਹੋਣ ਨਾਲ ਹੀ ਉਲਟਾ ਕੰਮ ਹੁੰਦਾ ਹੈ। ਹੁਣ ਬਾਪ ਕਹਿੰਦੇ ਹਨ - ਬੱਚੇ, ਬਾਪ ਨੂੰ ਨਾ ਭੁੱਲੋ। ਟਾਈਮ ਵੇਸਟ ਨਾ ਕਰੋ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਰਚਿਯਤਾ ਅਤੇ ਰਚਨਾ ਦੇ ਰਾਜ਼ ਨੂੰ ਠੀਕ ਤਰ੍ਹਾਂ ਸਮਝ ਆਸਤਿਕ ਬਣਨਾ ਹੈ। ਡਰਾਮੇ ਦੇ ਗਿਆਨ ਵਿੱਚ ਮੁੰਝਣਾ ਨਹੀਂ ਹੈ। ਆਪਣੀ ਬੁੱਧੀ ਨੂੰ ਹੱਦ ਵਿੱਚੋਂ ਕੱਢ ਕੇ ਬੇਹੱਦ ਵਿੱਚ ਲੈ ਜਾਣਾ ਹੈ।

2. ਸੂਖ਼ਮ ਵਤਨਵਾਸੀ ਫਰਿਸ਼ਤਾ ਬਣਨ ਦੇ ਲਈ ਸੰਪੂਰਨ ਪਵਿੱਤਰ ਬਣਨਾ ਹੈ। ਆਤਮਾ ਵਿੱਚ ਜੋ ਕਿਚੜ੍ਹਾ ਭਰਿਆ ਹੈ, ਉਸ ਨੂੰ ਯਾਦ ਦੇ ਬਲ ਨਾਲ ਕੱਢ ਸਾਫ਼ ਕਰਨਾ ਹੈ।

ਵਰਦਾਨ:- ਇਸ਼ਵਰੀਏ ਰਸ ਦਾ ਅਨੁਭਵ ਕਰ ਇੱਕਰਸ ਸਥਿਤੀ ਵਿਚ ਸਥਿਤ ਰਹਿਣ ਵਾਲੀ ਸ੍ਰੇਸ਼ਠ ਆਤਮਾ ਭਵ।

ਜੋ ਬੱਚੇ ਇਸ਼ਵਰੀਏ ਰਸ ਦਾ ਅਨੁਭਵ ਕਰ ਲੈਂਦੇ ਹਨ ਉਨ੍ਹਾਂ ਨੂੰ ਦੁਨੀਆ ਦੇ ਸਭ ਰਸ ਫਿੱਕੇ ਲਗਦੇ ਹਨ। ਜਦ ਹੈ ਹੀ ਇੱਕ ਰਸ ਮਿੱਠਾ ਤਾਂ ਇੱਕ ਦੇ ਵੱਲ ਹੀ ਅਟੈਂਸ਼ਨ ਜਾਵੇਗਾ ਨਾ। ਸਹਿਜ ਹੀ ਇੱਕ ਪਾਸੇ ਮਨ ਲੱਗ ਜਾਂਦਾ ਹੈ, ਮਿਹਨਤ ਨਹੀਂ ਲਗਦੀ ਹੈ। ਬਾਪ ਦਾ ਸਨੇਹ, ਬਾਪ ਦੀ ਮਦਦ, ਬਾਪ ਦਾ ਸਾਥ, ਬਾਪ ਦਵਾਰਾ ਸਰਵ ਪ੍ਰਾਪਤੀਆਂ ਸਹਿਜ ਇੱਕਰਸ ਸਥਿਤੀ ਬਣਾ ਦਿੰਦਿਆਂ ਹਨ। ਅਜਿਹੀ ਇੱਕਰਸ ਸਥਿਤੀ ਵਿਚ ਸਥਿਤ ਰਹਿਣ ਵਾਲੀ ਆਤਮਾਵਾਂ ਹੀ ਸ੍ਰੇਸ਼ਠ ਹਨ।

ਸਲੋਗਨ:- ਕਿਚੜੇ ਨੂੰ ਸਮਾਕੇ ਰਤਨ ਦੇਣਾ ਹੀ ਮਾਸਟਰ ਸਾਗਰ ਬਣਨਾ ਹੈ।

******